**Series : 2LKNM** **SET ~ 4**

**Roll No.** 13223739

**Q.P. Code 6**

Candidates must write the Q.P. Code on the title page of the answer-book.

**ਨੋਟ / NOTE :**

(I) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **11** ਪੰਨੇ ਹਨ ।

Please check that this question paper contains **11** printed pages.

(II) ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।

Q.P. Code given on the right hand side of the question paper should be written on the title page of the answer-book by the candidate.

(III) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **16** ਪ੍ਰਸ਼ਨ ਹਨ ।

Please check that this question paper contains **16** questions.

(IV) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**

**Please write down the Serial Number of the question in the answer-book at the given place before attempting it.**

(V) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।

15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the candidates will read the question paper only and will not write any answer on the answer-book during this period. []

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* *ਪੂਰਨ ਅੰਕ : **80***

*Time allowed : **3** hours* *Maximum Marks : **80***

**General Instructions :**

*Question paper is divided into four parts.*

*It has total 16 questions.*

***Part-I** : 2 Questions no. 1 and 2*

***Part-II** : 5 Questions no. 3 to 7*

***Part-III** : 3 Questions no. 8 to 10*

***Part-IV** : 6 Questions no. 11 to 16*

*Attempt questions as per specific instructions.*

*Write question no. in answer-book before attempting it.*

**ਸਧਾਰਨ ਨਿਰਦੇਸ਼ :**

ਪ੍ਰਸ਼ਨ-ਪੱਤਰ ਵਿੱਚ ਕੁੱਲ ਚਾਰ ਭਾਗ ਹਨ ।

ਇਸ ਵਿੱਚ ਕੁੱਲ 16 ਪ੍ਰਸ਼ਨ ਹਨ ।

**ਭਾਗ-I** :2 ਪ੍ਰਸ਼ਨ ਨੰ. 1 ਅਤੇ 2

**ਭਾਗ-II** :5 ਪ੍ਰਸ਼ਨ ਨੰ. 3 ਤੋਂ 7 ਤੱਕ

**ਭਾਗ-III** :3 ਪ੍ਰਸ਼ਨ ਨੰ. 8 ਤੋਂ 10 ਤੱਕ

**ਭਾਗ-IV** :6 ਪ੍ਰਸ਼ਨ ਨੰ. 11 ਤੋਂ 16 ਤੱਕ

**ਆਮ ਨਿਰਦੇਸ਼ :**

ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ, ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ:

- ਸਾਰੇ ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ । ਉਸ ਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ ।
- ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ / ਚਿੰਨ੍ਹ ਦੇ ਨਾਲ ਨਾਲ ਉੱਤਰ ਵੀ ਲਿਖਿਆ ਜਾਵੇ ।
- ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ ।
- ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ । ਭਾਗ-I ਪੜ੍ਹਨ-ਕੌਸ਼ਲ, ਭਾਗ-II ਵਿਆਕਰਨ, ਭਾਗ-III ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ।
- **ਭਾਗ-I :** ਪੜ੍ਹਨ-ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।
- **ਭਾਗ-II :** ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।
- **ਭਾਗ-III :** ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।
- **ਭਾਗ-IV :** ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ਵਿੱਚ ਕੁੱਲ 6 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।

## ਭਾਗ-I : ਪੜ੍ਹਨ ਕੌਸ਼ਲ
## (PART-I : Reading Skills)

6+4=10

***ਨੋਟ:*** *ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ, ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ। ਉੱਤਰ ਸ਼ੀਟ ਵਿੱਚ ਦਰਜ ਕਰੋ :*

1. ਭਾਰਤ ਵਿੱਚ ਸਭ ਤੋਂ ਪਹਿਲਾ ਅਜਾਇਬ ਘਰ ਏਸ਼ੀਆਟਿਕ ਸੋਸਾਇਟੀ ਆਫ਼ ਬੰਗਾਲ ਨੇ ਬਣਵਾਇਆ ਸੀ ਜੋ 1784 ਈ. ਵਿੱਚ ਸਰ ਵਿਲੀਅਮ ਜੋਨਜ਼ ਨੇ ਕਾਇਮ ਕੀਤੀ ਸੀ । ਇਹ ਅਜਾਇਬ ਘਰ 1814 ਈ. ਵਿੱਚ ਸੋਸਾਇਟੀ ਦੇ ਮੈਂਬਰਾਂ ਤੋਂ ਪ੍ਰਾਪਤ ਵਸਤਾਂ ਨਾਲ਼ ਕਲੱਕਤੇ ਵਿਖੇ 'ਇੰਡੀਅਨ ਮਿਊਜ਼ੀਅਮ' ਦੇ ਨਾਂ ਨਾਲ਼ ਇੱਕ ਵੱਖਰੀ ਇਮਾਰਤ ਵਿੱਚ ਸਥਾਪਤ ਕੀਤਾ ਗਿਆ ਅਤੇ ਇਸ ਤੋਂ ਪਿੱਛੋਂ ਭਾਰਤ ਅੰਦਰ ਵੱਖ-ਵੱਖ ਥਾਵਾਂ 'ਤੇ ਇਸ ਪ੍ਰਕਾਰ ਦੇ ਅਜਾਇਬ ਘਰ ਕਾਇਮ ਕੀਤੇ ਜਾਣ ਲੱਗ ਪਏ । ਪੇਂਡੂ ਜੀਵਨ ਅਤੇ ਸੱਭਿਆਚਾਰ ਦਾ ਅਜਾਇਬ ਘਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਭਾਰਤ ਵਿੱਚ ਆਪਣੀ ਕਿਸਮ ਦਾ ਪਹਿਲਾ ਅਜਾਇਬ ਘਰ ਹੈ; ਜਿਹੜਾ ਆਪਣੇ ਵਿਰਸੇ ਦੀ ਪ੍ਰਦਰਸ਼ਨੀ ਕਰਦਾ ਹੈ । ਇਸ ਨੂੰ ਕਾਇਮ ਕਰਨ ਦਾ ਸਿਹਰਾ ਡਾ. ਮਹਿੰਦਰ ਸਿੰਘ ਰੰਧਾਵਾ ਸਿਰ ਹੈ । ਸੰਨ 1970 ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਨੇ ਡੈਨਮਾਰਕ ਵਿੱਚ 88 ਏਕੜ ਵਿੱਚ ਫੈਲੇ 'ਖੁੱਲ੍ਹਾ ਅਜਾਇਬ ਘਰ' ਨੂੰ ਦੇਖਣ ਤੋਂ ਬਾਅਦ ਉਸ ਵਰਗਾ ਅਜਾਇਬ ਘਰ ਕਾਇਮ ਕਰਨ ਦੀ ਯੋਜਨਾ ਬਣਾਈ ਸੀ । ਇਸ ਦੀ ਇਮਾਰਤ ਦਾ ਨਕਸ਼ਾ ਤਿਆਰ ਕਰਨ ਲਈ ਸੁਲਤਾਨਪੁਰ ਲੋਧੀ, ਗੋਇੰਦਵਾਲ, ਭਦੌੜ, ਰਾਹੋਂ ਤੇ ਸੁਨਾਮ ਆਦਿ ਪੁਰਾਤਨ ਇਤਿਹਾਸਕ ਨਗਰਾਂ ਦਾ ਸਰਵੇਖਣ ਕੀਤਾ ਗਿਆ । ਮੀਨਾਕਾਰੀ ਵਾਲ਼ੇ ਦਰਵਾਜ਼ਿਆਂ ਅਤੇ ਖ਼ਾਸ ਤੌਰ ਤੇ ਤਿਆਰ ਕਰਵਾਈਆਂ ਨਾਨਕਸ਼ਾਹੀ ਇੱਟਾਂ ਦੇ ਬਣੇ, ਇਸ ਅਜਾਇਬ ਘਰ ਨੂੰ ਰੋਜ਼ ਸੈਂਕੜਿਆਂ ਦੀ ਗਿਣਤੀ ਵਿੱਚ ਸੈਲਾਨੀ ਦੇਖਣ ਆਉਂਦੇ ਹਨ । ਇਸ ਅਜਾਇਬ ਘਰ ਵਿੱਚ ਪੁਰਾਣੇ ਪੰਜਾਬ ਦੇ ਪਿੰਡਾਂ ਵਿੱਚ ਵਰਤੇ ਜਾਣ ਵਾਲ਼ੇ ਭਾਂਡੇ, ਖੇਤੀਬਾੜੀ ਦੇ ਸੰਦ, ਘਰਾਂ ਵਿੱਚ ਆਮ ਵਰਤੋਂ ਵਿੱਚ ਆਉਣ ਵਾਲ਼ੀਆਂ ਚੀਜ਼ਾਂ, ਫੁਲਕਾਰੀਆਂ ਆਦਿ ਰੱਖ਼ੀਆਂ ਹੋਈਆਂ ਹਨ । ਹਰੇ ਇਨਕਲਾਬ ਕਾਰਨ ਪੰਜਾਬ ਵਿੱਚ ਲੱਕੜੀ ਦੀਆਂ ਚੱਕਲੀਆਂ ਵਾਲ਼ੇ ਢੀਂਗਲੀ ਚਰਸਾਂ ਦੀ ਥਾਂ ਟਿਊਬਵੈਲਾਂ ਨੇ ਲੈ ਲਈ ਹੈ । ਗੰਡਾਸੇ ਦੀ ਵਰਤੋਂ, ਬਦਲਾਂ ਨਾਲ਼ ਚੱਲਣ ਵਾਲ਼ੇ ਖਰਾਸ, ਛੰਨੇ ਅਤੇ ਥਾਲੀਆਂ ਹੁਣ ਅਲੋਪ ਹੋ ਰਹੇ ਹਨ । ਇੱਕਠਿਆਂ ਹੋ ਕੇ ਚਰਖਾ ਕੱਤਣ ਤੇ ਫੁਲਕਾਰੀਆਂ ਕੱਢਣ ਦਾ ਰਿਵਾਜ਼ ਖਤਮ ਹੋ ਗਿਆ ਹੈ । ਇੱਕ ਕਮਰੇ ਵਿੱਚ ਚਾਰ ਹਜ਼ਾਰ ਸਾਲ ਪੁਰਾਣੇ ਮਿੱਟੀ ਦੇ ਬਰਤਨ ਰੱਖੇ ਹੋਏ ਹਨ । ਕਮਰੇ ਦੇ ਬਾਹਰ ਪੇਂਡੂ ਰਸੋਈ ਤੇ ਬਰਤਨ ਦਿਖਾਈ ਦਿੰਦੇ ਹਨ । ਇੱਕ ਕਮਰੇ ਵਿੱਚ ਪੇਂਡੂ ਸਾਜ਼ (ਲੋਕ ਸਾਜ਼); ਜਿਵੇਂ, ਢੱਡ, ਸਾਰੰਗੀ, ਤੂੰਬਾ, ਅਲਗੋਜ਼ਾ, ਬੰਸਰੀ, ਢੋਲਕੀ, ਖੜਤਾਲਾਂ ਅਤੇ ਚਿਮਟਾ ਰੱਖੇ ਹੋਏ ਹਨ । ਇੱਕ ਹੋਰ ਕਮਰੇ ਵਿੱਚ ਪਸ਼ੂਆਂ ਦਾ ਸਾਜ਼-ਸਮਾਨ ਪਏ ਹਨ । ਅੰਦਰਲੀਆਂ ਕੰਧਾਂ ਉੱਪਰ ਪੇਂਡੂ ਜੀਵਨ, ਸੱਭਿਅਤਾ ਅਤੇ ਕਲਾ ਨੂੰ ਪੇਸ਼ ਕਰਦੀ ਹੋਈ ਚਿੱਤਰਕਾਰੀ ਕੀਤੀ ਹੋਈ ਹੈ । ਉਪਰਲੀ ਬੈਠਕ ਵਿੱਚ ਬਾਗ਼, ਫੁਲਕਾਰੀਆਂ ਅਤੇ ਗਹਿਣੇ ਪਏ ਹਨ । ਵਿਆਹ ਦਾ ਜੋੜਾ, ਪੰਜੇਬਾਂ, ਮੁੰਦਰੀ, ਕੜੇ, ਵਾਲੀਆਂ, ਬਾਜੂਬੰਦ ਤੇ ਪਰਾਂਦਾ ਪਏ ਹਨ । ਇੱਕ ਪਾਸੇ ਮਿੱਟੀ ਦੀਆਂ ਬਣੀਆਂ ਖੂਬਸੂਰਤ ਕੁੜੀਆਂ ਕਸੀਦਾ ਕੱਢ ਰਹੀਆਂ ਹਨ ਅਤੇ ਕੁਝ ਚਰਖਾ ਕੱਤ ਰਹੀਆਂ ਤ੍ਰਿੰਝਣ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ । ਇੱਕ ਹਿੱਸੇ ਵਿੱਚ ਖੇਤੀ ਦਾ ਸਮਾਨ

ਜਿਵੇਂ ਟੌਹੜਾ, ਤੁੰਗਲੀ, ਪੰਜਾਲ਼ੀ, ਹਲ਼, ਟੋਕਾ, ਦਾਤੀ, ਆਰਾ, ਪਰੈਣ ਆਦਿ ਰੱਖੇ ਹੋਏ ਹਨ । ਇੱਕ ਪਾਸੇ ਭੌਣੀ ਵਾਲ਼ਾ ਖੂਹ, ਪੁਰਾਣੀਆਂ ਟਿੰਡਾਂ ਅਤੇ ਪੁਰਾਣੇ ਸਿੰਜਾਈ ਦੇ ਢੰਗਾਂ ਦਾ ਪ੍ਰਦਰਸ਼ਨ ਹੈ । ਇਸ ਤਰ੍ਹਾਂ ਇਹ ਅਜਾਇਬ ਘਰ ਪੰਜਾਬ ਦੀ ਪੇਂਡੂ ਸੱਭਿਅਤਾ ਨੂੰ ਸੰਭਾਲ਼ੀ ਬੈਠਾ ਹੈ ਤਾਂ ਕਿ ਅਗਲੀਆਂ ਪੀੜ੍ਹੀਆਂ ਪੰਜਾਬ ਦੀ ਸੱਭਿਅਤਾ ਦਾ ਰੂਪ ਵੇਖ ਸਕਣ । *6×1=6*

(i) ਭਾਰਤ ਵਿੱਚ ਸਭ ਤੋਂ ਪਹਿਲਾ ਅਜਾਇਬ ਘਰ ਕਦੋਂ ਸਥਾਪਿਤ ਕੀਤਾ ਗਿਆ ?
(A) 1784 (B) 1814 (C) 1970 (D) 1988

(ii) ਪੇਂਡੂ ਜੀਵਨ ਅਤੇ ਸੱਭਿਆਚਾਰ ਦਾ ਅਜਾਇਬ ਘਰ ਕਿੱਥੇ ਸਥਿਤ ਹੈ ?
(A) ਕਲਕੱਤਾ (B) ਡੈਨਮਾਰਕ
(C) ਲੁਧਿਆਣਾ (D) ਸੁਲਤਾਨਪੁਰ ਲੋਧੀ

(iii) ਹਰੇ ਇਨਕਲਾਬ ਕਾਰਨ ਪੰਜਾਬ ਵਿੱਚ ਲੱਕੜੀ ਦੀਆਂ ਚੱਕਲੀਆਂ ਵਾਲ਼ੇ ਢੀਂਗਲੀ ਚਰਸਾਂ ਦੀ ਥਾਂ __________ ਲੈ ਲਈ ਹੈ । ਸਹੀ ਵਿਕਲਪ ਚੁਣ ਕੇ ਖ਼ਾਲੀ ਸਥਾਨ ਭਰੋ ।
(A) ਟਿਊਬਵੈਲਾਂ ਨੇ (B) ਭੌਣੀ ਵਾਲ਼ੇ ਖੂਹ ਨੇ
(C) ਪੁਰਾਣੀਆਂ ਟਿੰਡਾਂ ਨੇ (D) ਬਲਦਾਂ ਨਾਲ਼ ਚੱਲਣ ਵਾਲ਼ੇ ਖਰਾਸ ਨੇ

(iv) ਅਜਾਇਬ ਘਰ ਦੇ ਇੱਕ ਕਮਰੇ ਵਿੱਚ ਕਿੰਨੇ ਸਾਲ ਪੁਰਾਣੇ ਮਿੱਟੀ ਦੇ ਬਰਤਨ ਰੱਖੇ ਹੋਏ ਹਨ ?
(A) ਅਠਾਸੀ ਸਾਲ (B) ਸੈਂਕੜੇ ਸਾਲ
(C) ਚਾਰ ਹਜ਼ਾਰ ਸਾਲ (D) ਇਹਨਾਂ ਵਿੱਚੋਂ ਕੋਈ ਨਹੀਂ

(v) ਪੈਰੇ ਅਨੁਸਾਰ ਢੱਡ, ਸਾਰੰਗੀ, ਤੂੰਬਾ, ਅਲਗੋਜ਼ਾ, ਬੰਸਰੀ, ਢੋਲਕੀ, ਖੜਤਾਲਾਂ ਅਤੇ ਚਿਮਟਾ ਕੀ ਹਨ ?
(A) ਪੇਂਡੂ ਸਾਜ਼ (B) ਪੇਂਡੂ ਰਸੋਈ ਦੇ ਬਰਤਨ
(C) ਪਸ਼ੂਆਂ ਦਾ ਸਾਜ਼-ਸਮਾਨ (D) ਪੁਰਾਣੇ ਸਿੰਜਾਈ ਦੇ ਢੰਗਾਂ ਦਾ ਸਮਾਨ

(vi) ਅਜਾਇਬ ਘਰ ਦੇ ਇੱਕ ਹਿੱਸੇ ਵਿੱਚ ਖੇਤੀ ਨਾਲ਼ ਸੰਬੰਧਿਤ ਕਿਹੜਾ ਸਮਾਨ ਸਾਂਭਿਆ ਹੋਇਆ ਹੈ ?
(A) ਪੰਜੇਬਾਂ ਅਤੇ ਮੁੰਦਰੀ (B) ਪੰਜਾਲ਼ੀ ਅਤੇ ਹਲ਼
(C) ਛੰਨੇ ਅਤੇ ਥਾਲ਼ੀਆਂ (D) ਫੁਲਕਾਰੀਆਂ ਅਤੇ ਗਹਿਣੇ

2. ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ, ਉੱਗੀ ਵਿੱਚ ਉਜਾੜਾਂ ।
ਜਾਂ ਉੱਡਦੀ ਬਦਲੋਟੀ ਕੋਈ, ਵਰ੍ਹ ਗਈ ਵਿੱਚ ਪਹਾੜਾਂ ।
ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ, ਉੱਗੀ ਕੀਤੇ ਕੁਰਾਹੇ ।
ਨਾ ਕਿਸੇ ਮਾਲੀ ਸਿੰਜਿਆ ਮੈਨੂੰ, ਨਾ ਕੋਈ ਸਿੰਜਣਾ ਚਾਹੇ ।
ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ, ਉੱਗੀ ਵਿੱਚ ਜੋ ਬੇਲੇ ।
ਨਾ ਕੋਈ ਮੇਰੀ ਛਾਵੇਂ ਬੈਠੇ, ਨਾ ਪੱਤ ਖਾਵਣ ਲੇਲੇ ।
ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ, ਉੱਗੀ ਵਿੱਚ ਜੋ ਬਾਗ਼ਾਂ ।
ਮੇਰੇ ਮੁੱਢ ਬਣਾਈ ਵਰਮੀ, ਕਾਲ਼ੇ ਫਨੀਅਰ ਨਾਗਾਂ । *4×1=4*

(i) ਕਵਿਤਾ ਅਨੁਸਾਰ ਕੰਡਿਆਲੀ ਥੋਰ੍ਹ ਕਿੱਥੇ ਉੱਗੀ ਹੋਈ ਹੈ ?

(ii) ਕੰਡਿਆਲੀ ਥੋਰ੍ਹ ਨੂੰ ਕਿਸ ਨੇ ਨਹੀਂ ਸਿੰਜਿਆ ?

(iii) ਕੰਡਿਆਲੀ ਥੋਰ੍ਹ ਦੇ ਮੁੱਢ ਵਿੱਚ ਕਿਸ ਨੇ ਆਪਣੀ ਵਰਮੀ ਬਣਾਈ ਹੋਈ ਹੈ ?

(iv) ਕਵਿਤਾ ਅਨੁਸਾਰ ਕੰਡਿਆਲੀ ਥੋਰ੍ਹ ਦੀ ਛਾਵੇਂ ਕੌਣ ਬੈਠਦਾ ਹੈ ?

## ਭਾਗ-II : ਵਿਆਕਰਨ
## (PART-II : Grammar)

*2+2+2+2+4=12*

3. **ਸਮਾਸੀ ਸ਼ਬਦ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any* ***two****)* ਹੱਲ ਕਰੋ) : *2×1=2*

(i) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ **ਸ਼ਬਦ ਸਾਰਥਕ ਤੇ ਨਿਰਾਰਥਕ** ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ ? ਸਹੀ ਵਿਕਲਪ ਚੁਣੋ ।

(A) ਹਾਕੀ-ਹੁਕੀ (B) ਖੋਜ-ਵਿਧੀ (C) ਮੀਂਹ-ਹਨੇਰੀ (D) ਨਫ਼ਾ-ਨੁਕਸਾਨ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਇੱਕ ਸਮਾਸੀ ਸ਼ਬਦ ***ਨਹੀਂ*** ਹੈ ?

(A) ਤਨੋਂ-ਮਨੋਂ (B) ਸੱਤ (C) ਭੁੱਖ-ਪਿਆਸ (D) ਜਗਤ-ਗੁਰੂ

(iii) ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਇੱਕ ਸਮਾਸੀ ਸ਼ਬਦ ਹੈ ?

(A) ਲੋਕ-ਵਿਖਾਵਾ (B) ਸਕੂਲ

(C) ਬਰ-ਸਾਤ (D) ਤਾਰੀਫ ਦੇ ਕਾਬਲ

4. **ਬਹੁ-ਅਰਥਕ ਸ਼ਬਦ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any* ***two****)* ਹੱਲ ਕਰੋ) : *2×1=2*

(i) ਹੇਠ ਲਿਖੇ ਵਾਕ ਵਿਚਲੀਆਂ ਖਾਲੀ ਥਾਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਚੁਣੋ : ਜਦੋਂ ਮੈਂ ਦਰਿਆ ਦੇ ________ 'ਤੇ ਖੜ੍ਹ ਕੇ ਪਾਣੀ ਦਾ ਵਹਾਅ ਵੇਖਿਆ ਤਾਂ ਮੈਂ ਡਰ ਗਿਆ । ਪਾਣੀ ਨੇ ਨੇੜਲੇ ਇਲਾਕਿਆਂ ਵਿੱਚ ਸਭ ਕੁਝ ________ ਦਿੱਤਾ ਸੀ । ਪਿੰਡਾਂ ਦੇ ਡਿੱਗੇ ਘਰ ਇਸ ਤਰ੍ਹਾਂ ਲੱਗ ਰਹੇ ਸਨ; ਜਿਵੇਂ ਤਾਕਤਵਰ ਪਹਿਲਵਾਨਾਂ ਨੇ ਕਮਜ਼ੋਰ ਪਹਿਲਵਾਨਾਂ ਨੂੰ ਅਖਾੜੇ ਵਿੱਚ ________ ਲਿਆ ਹੋਵੇ । ਪਾਣੀ ਜਿਸ ਪਾਸੇ ਵੀ ਜਾ ਰਿਹਾ ਸੀ, ਸਭ ਕੁਝ ________ ਰਿਹਾ ਸੀ ।

(A) ਕੰਢਾ (B) ਕਿਨਾਰਾ (C) ਢਾਹ (D) ਸਿਰਾ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਥਾਂ' ਸ਼ਬਦ ਦੇ ਅਰਥਾਂ ਵਜੋਂ ***ਨਹੀਂ*** ਵਰਤਿਆ ਜਾਵੇਗਾ ?

(A) ਜਗ੍ਹਾ (B) ਖ਼ਾਨਦਾਨ (C) ਨਿਵਾਸ (D) ਇਵਜ਼ ਵਿੱਚ

(iii) 'ਤੱਕਣਾ' ਦਾ ਇੱਕ ਅਰਥ ਹੈ; 'ਵੇਖਣਾ' ਦੂਜਾ ਅਰਥ ਹੈ :

(A) ਝਾਕਣਾ (B) ਵੇਖਣਾ

(C) ਉਡੀਕ ਕਰਨਾ (D) ਉਪਰੋਕਤ ਸਾਰੇ

5. **ਕਿਰਿਆ-ਵਿਸ਼ੇਸ਼ਣ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** (*any* ***two***) ਹੱਲ ਕਰੋ) : *2×1=2*

(i) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(A) ਏਨਾ, ਓਨਾ, ਜਿੰਨਾ (B) ਹੌਲੀ, ਫਟਾਫਟ

(C) ਜ਼ਰੂਰ, ਬੇਸ਼ੱਕ, ਖ਼ੂਬ (D) ਕਿਉਂਕਿ, ਇਸ ਲਈ, ਇਸ ਕਰਕੇ

(ii) ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਵਾਪਰਨ ਦੇ ਸਮੇਂ ਦਾ ਪਤਾ ਲੱਗੇ, ਉਹਨਾਂ ਨੂੰ ________ ਕਿਹਾ ਜਾਂਦਾ ਹੈ । ਸਹੀ ਵਿਕਲਪ ਚੁਣ ਕੇ ਖ਼ਾਲੀ ਸਥਾਨ ਭਰੋ ।

(A) ਮਿਣਤੀ-ਵਾਚਕ ਕਿਰਿਆ-ਵਿਸ਼ੇਸ਼ਣ

(B) ਨਿਰਨੇ-ਵਾਚਕ ਕਿਰਿਆ-ਵਿਸ਼ੇਸ਼ਣ

(C) ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ

(D) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਉਹ ਭੁੱਖ ਨਾਲ਼ ਮਰ ਗਿਆ ।

(A) ਉਹ (B) ਭੁੱਖ ਨਾਲ਼

(C) ਮਰ (D) ਗਿਆ

6. **ਅਗੇਤਰ-ਪਿਛੇਤਰ :** (ਪੁੱਛੇ ਗਏ ਅਨੁਸਾਰ ਹੱਲ ਕਰੋ) : *1+1=2*

(i) ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** (any ***one***) ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਗ਼ੈਰ, ਲੋਕ

(ii) ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** (any ***one***) ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਹਾਰ, ਨੀ

7. **ਮੁਹਾਵਰੇ :** ਹੇਠ ਲਿਖਿਆਂ ਵਿੱਚੋਂ ਕਿਸੇ ***ਚਾਰ*** (*any* ***four***) ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ : *4×1=4*

(i) ਕਸੌਟੀ 'ਤੇ ਪੂਰਾ ਉਤਰਨਾ

(ii) ਖਹਿੜਾ ਛੁਡਾਉਣਾ

(iii) ਗਦਗਦ ਹੋਣਾ

(iv) ਚੱਕਰ ਆਉਣਾ

(v) ਛਾਪਾ ਮਾਰਨਾ

(vi) ਜ਼ਖ਼ਮਾਂ 'ਤੇ ਮਲਮ ਲਾਉਣਾ

## ਭਾਗ-III : ਪ੍ਰਭਾਵਸ਼ਾਲੀ ਲਿਖਣ ਕੌਸ਼ਲ
## (PART-III : Writing Skills)

*8+6+4=18*

**8.** ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** *(any **one**)* ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : *1×8=8*

(i) ਮਨਿ ਜੀਤੈ ਜਗੁ ਜੀਤੁ

(ਅਰਥ ....... ਮਨ ਤੋਂ ਭਾਵ ....... ਮਨ ਬਹੁਤ ਚੰਚਲ ਹੈ ....... ਮਨ 'ਤੇ ਕਾਬੂ ਪਾਉਣ ਦੀ ਲੋੜ ....... ਹਿੰਸਾ ਜਾਂ ਜ਼ੋਰ-ਜਬਰਦਸਤੀ ਨਾਲ਼ ਜੱਗ ਨੂੰ ਜਿੱਤਣ ਦੀ ਕੋਸ਼ਿਸ਼ ....... ਮਨ 'ਤੇ ਕਾਬੂ ਪਾਉਣ ਦੇ ਲਾਭ ....... ਸਿੱਟਾ .......)

(ii) ਵਿਦਿਆਰਥੀਆਂ ਦੇ ਫ਼ਰਜ਼

(ਭੂਮਿਕਾ ....... ਵਿਦਿਆਰਥੀਆਂ ਦੇ ਆਪਣੇ ਆਪ ਪ੍ਰਤੀ ਫ਼ਰਜ਼ ....... ਵਿਦਿਆਰਥੀਆਂ ਦੇ ਦੇਸ਼ ਪ੍ਰਤੀ ਫ਼ਰਜ਼ ....... ਅਨਪੜ੍ਹ ਵਿਅਕਤੀਆਂ ਨੂੰ ਪੜ੍ਹਨਯੋਗ ਬਣਾਉਣਾ ....... ਸਮਾਜਿਕ ਬੁਰਾਈਆਂ ਪ੍ਰਤੀ ਜਾਗਰੂਕਤਾ ਫੈਲਾਉਣਾ ....... ਸਵੱਛਤਾ ਤੇ ਸਿਹਤ ਸੰਬੰਧੀ ਫ਼ਰਜ਼ ....... ਸੰਸਕ੍ਰਿਤੀ ਤੇ ਸੱਭਿਆਚਾਰ ਪ੍ਰਤੀ ਫ਼ਰਜ਼ ....... ਸਾਰੰਸ਼ .......)

(iii) ਮੇਰੇ ਜੀਵਨ ਦਾ ਉਦੇਸ਼

(ਜਾਣ-ਪਛਾਣ ....... ਉਦੇਸ਼ ਦੀ ਚੋਣ ....... ਮੇਰੇ ਜੀਵਨ ਦਾ ਉਦੇਸ਼ ....... ਇੱਛਾਵਾਂ ਦਾ ਕਾਰਨ ....... ਕਿੱਤੇ ਦਾ ਮਹੱਤਵ ....... ਸਿੱਟਾ .......)

**9.** **ਪੱਤਰ-ਰਚਨਾ :** *1×6=6*

(i) ਤੁਹਾਡਾ ਮਿੱਤਰ ਹਰ ਸਮੇਂ ਮੋਬਾਈਲ ਫੋਨ 'ਤੇ ਲੱਗਾ ਰਹਿੰਦਾ ਹੈ । ਇਸ ਦੇ ਨੁਕਸਾਨਾਂ ਬਾਰੇ ਦੱਸਦੇ ਹੋਏ, ਉਸ ਨੂੰ ਪੜ੍ਹਾਈ ਵੱਲ ਧਿਆਨ ਦੇਣ ਲਈ ਪੱਤਰ ਲਿਖੋ ।

ਨੁਕਤੇ : (ਤੁਹਾਡੇ ਮਾਤਾ ਜੀ ਦੀ ਚਿੱਠੀ ਮਿਲਣਾ ....... ਤੁਹਾਡੇ ਹਰ ਸਮੇਂ ਮੋਬਾਈਲ ਫੋਨ ਦੀ ਵਰਤੋਂ ਬਾਰੇ ਪਤਾ ਲੱਗਣਾ ....... ਮੋਬਾਈਲ ਫੋਨ ਦੇ ਫ਼ਾਇਦਿਆਂ ਨਾਲੋਂ ਨੁਕਸਾਨ ਜ਼ਿਆਦਾ ....... ਸਰੀਰਿਕ ਅਤੇ ਮਾਨਸਿਕ ਸਿਹਤ ਵਿੱਚ ਵਿਗਾੜ ....... ਪੜ੍ਹਾਈ ਵੱਲ ਘੱਟ ਧਿਆਨ ਦੇ ਸਕਣਾ ....... ਇਸ ਸਮੇਂ ਸਾਡਾ ਧਿਆਨ ਕੇਵਲ ਪੜ੍ਹਾਈ ਵੱਲ ....... ਅਜੇ ਵੀ ਮੌਕਾ ਸੰਭਲ਼ ਜਾਣ ਦੀ ਜ਼ਰੂਰਤ .......)

**ਜਾਂ (OR)**

(ii) ਸਲਾਨਾ ਸਮਾਰੋਹ ਵਿੱਚ, ਵੱਖ-ਵੱਖ ਪਰੀਖਿਆਵਾਂ ਦੌਰਾਨ ਅਵੱਲ ਆਉਣ ਵਾਲੇ ਸਕੂਲ ਦੇ ਵਿਦਿਆਰਥੀਆਂ ਨੂੰ ਇਨਾਮ ਵਿੱਚ ਪੁਸਤਕਾਂ ਦੇਣ ਲਈ ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਬੇਨਤੀ-ਪੱਤਰ ਲਿਖੋ ।

ਨੁਕਤੇ : (ਸਲਾਨਾ ਸਮਾਰੋਹ ਦੀ ਤਾਰੀਖ਼ ਨਿਰਧਾਰਿਤ ਹੋਣਾ ....... ਸਕੂਲ ਦੇ ਸਲਾਨਾ ਸਮਾਰੋਹ ਦੌਰਾਨ ਵਿਦਿਆਰਥੀਆਂ ਨੂੰ ਇਨਾਮ ਦੇਣ ਦੀ ਪਰੰਪਰਾ ....... ਸਕੂਲ ਦੇ ਵਿਦਿਆਰਥੀਆਂ ਦਾ ਵੱਖ-ਵੱਖ ਪਰੀਖਿਆਵਾਂ ਦੌਰਾਨ ਬਹੁਤ ਵਧੀਆ ਪ੍ਰਦਰਸ਼ਨ ਹੋਣਾ ....... ਕਈ ਵਿਦਿਆਰਥੀ ਵਧੀਆ ਪੁਸਤਕਾਂ ਖਰੀਦ ਸਕਣ ਤੋਂ ਅਸਮਰੱਥ ....... ਹੌਂਸਲਾ ਅਫ਼ਜ਼ਾਈ ਵਜੋਂ ਪੁਸਤਕਾਂ ਦੇਣ ਲਈ ਬੇਨਤੀ ....... ਪੁਸਤਕਾਂ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ .......)

10. ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ । *1×4=4*



***ਨੋਟ :*** *ਹੇਠਲਾ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼* ***ਨੇਤਰਹੀਣ ਵਿਦਿਆਰਥੀਆਂ*** *ਲਈ ਹੈ ।*

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਜਮਾਤ ਦੇ ਕਮਰੇ ਵਿੱਚ ਬਿਜਲੀ ਦੇ ਟੁੱਟੇ ਸਵਿੱਚ ਬੋਰਡਾਂ ਅਤੇ ਖ਼ਰਾਬ ਪੱਖਿਆਂ ਨੂੰ ਠੀਕ ਕਰਵਾਉਣ ਲਈ ਬਿਨੈ-ਪੱਤਰ ਲਿਖੋ ।

## ਭਾਗ-IV : ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ

## (PART–IV : Text-Book Based Questions) *5+5+4+14+8+4=40*

11. **ਕਹਾਣੀ ਤੇ ਵਾਰਤਕ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** *(any* ***five****)* ਹੱਲ ਕਰੋ) : *5×1=5*

(i) 'ਘਰ ਦਾ ਪਿਆਰ' ਲੇਖ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਪਰਦੇਸ ਯਾਤਰਾ ਕਰਕੇ ਪਰਤਦੇ ਹਨ ਤਾਂ ਪਿੰਡ ਤੋਂ ਬਾਹਰ ਕਿਹੜੀ ਥਾਂ 'ਤੇ ਆ ਕੇ ਬੈਠਦੇ ਹਨ ?

(A) ਖੂਹ 'ਤੇ (B) ਟਿੱਬੇ ਕੋਲ਼

(C) ਗੁਰਦੁਆਰੇ ਵਿੱਚ (D) ਨਦੀ ਦੇ ਕੰਢੇ 'ਤੇ

(ii) 'ਬੋਲੀ' ਲੇਖ ਅਨੁਸਾਰ ਕਿਸ ਉਮਰ ਵਿੱਚ ਮਨ 'ਤੇ ਚਿਤਰੇ ਲਫ਼ਜ਼ ਭੁੱਲਦੇ ***ਨਹੀਂ*** ?

(A) ਜਵਾਨੀ ਵਿੱਚ (B) ਬੁਢਾਪੇ ਵਿੱਚ

(C) ਬਚਪਨ ਵਿੱਚ (D) ਇਹਨਾਂ ਵਿੱਚੋਂ ਕੋਈ ਨਹੀਂ

(iii) 'ਮੇਰੇ ਵੱਡੇ ਵਡੇਰੇ' ਲੇਖ ਦੇ ਆਧਾਰ 'ਤੇ ਵਾਕ ਪੂਰਾ ਕਰੋ :
ਖਾਣ-ਪੀਣ ਦੇ ਪੱਖ ਨਾਲੋਂ ਵੱਧ ਪ੍ਰਸਿੱਧੀ, ਉਹਨਾਂ ਦੀ ________ ਵਧੇਰੇ ਮਸ਼ਹੂਰ ਸੀ ।

(A) ਨਲਾਇਕੀ (B) ਜ਼ੋਰਾਵਰੀ
(C) ਗ਼ਰੀਬੀ (D) ਲਵੇਰੀ

(iv) 'ਕੁਲਫੀ' ਕਹਾਣੀ ਦੇ ਆਧਾਰ 'ਤੇ ਦੱਸੋ ਕਿ ਇਹ ਵਾਕ ਕਿਸ ਨੇ ਬੋਲਿਆ : "ਆ ਖ਼ਸਮਾ ਖਾਣਿਆ ਤੂੰ ਲੱਗੈਂ ਹੁਣ ਉਲਾਂਭੇ ਲਿਆਉਣ ?"

(A) ਕੁਲਫ਼ੀ ਵਾਲ਼ੇ ਨੇ (B) ਸ਼ਾਹਣੀ ਨੇ
(C) ਲੇਖਕ ਨੇ (D) ਲੇਖਕ ਦੀ ਪਤਨੀ ਨੇ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਅਨੁਸਾਰ ਕਰਮ ਸਿੰਘ ਦਾ ਪਿੰਡ ਕਿਹੜਾ ਸੀ ?

(A) ਚੂਹੜਕਾਣਾ (B) ਠੱਠੀ ਖਾਰਾ
(C) ਤਰਨਤਾਰਨ (D) ਖਡੂਰ ਸਾਹਿਬ

(vi) 'ਅੰਗ-ਸੰਗ' ਕਹਾਣੀ ਵਿੱਚ ਅਮਰੀਕ ਸਿੰਘ ਦੇ ਛੋਟੇ ਭਰਾ ਦਾ ਕੀ ਨਾਂ ਹੈ ?

(A) ਜਸਵੰਤ ਸਿੰਘ (B) ਮਾਨ ਸਿੰਘ
(C) ਮਹਿੰਦਰ (D) ਕਰਮ ਸਿੰਘ

12. **ਕਵਿਤਾ ਤੇ ਇਕਾਂਗੀ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** (*any **five***) ਹੱਲ ਕਰੋ) : *5×1=5*

(i) 'ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ' ਵਿੱਚ 'ਬੰਧਾਨੁ' ਸ਼ਬਦ ਦੇ ਕੀ ਅਰਥ ਹਨ ? 'ਸੋ ਕਿਉ ਮੰਦਾ ਆਖੀਐ' ਰਚਨਾ ਦੇ ਆਧਾਰ 'ਤੇ ਸਪਸ਼ਟ ਕਰੋ ।

(A) ਚੰਗੇ ਭਾਗ (B) ਨਫ਼ਰਤ
(C) ਰਿਸ਼ਤੇਦਾਰੀ (D) ਰਾਜੇ

(ii) ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜੀ ਰਚਨਾ ਭਾਈ ਗੁਰਦਾਸ ਜੀ ਦੀ ਰਚੀ ਹੋਈ ਹੈ ?

(A) ਸਤਿਗੁਰ ਨਾਨਕ ਪ੍ਰਗਟਿਆ (B) ਜੰਗਨਾਮਾ
(C) ਜ਼ਫ਼ਰਨਾਮਾ (D) ਅੰਗ-ਸੰਗ

(iii) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਦੇ ਰਚਨਾਕਾਰ ਕਿਹੜੇ ਗੁਰੂ ਸਾਹਿਬਾਨ ਹਨ ?

(A) ਸ੍ਰੀ ਗੁਰੂ ਨਾਨਕ ਦੇਵ ਜੀ (B) ਸ੍ਰੀ ਗੁਰੂ ਅਰਜਨ ਦੇਵ ਜੀ
(C) ਸ੍ਰੀ ਗੁਰੂ ਅਮਰਦਾਸ ਜੀ (D) ਸ੍ਰੀ ਗੁਰੂ ਗੋਬਿੰਦ ਸਿੰਘ ਜੀ

(iv) ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਰਹਿੰਦੀ ਹੈ ? 'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਉੱਤਰ ਦਿਓ ।

(A) ਜ਼ਮੀਨ ਤੋਂ ਬੇਦਖ਼ਲ ਕਰਨ ਦਾ
(B) ਉਸ ਦੇ ਪਤੀ ਤੋਂ ਕੁੱਟ ਪੁਆਉਣ ਦਾ
(C) ਦੂਜੇ ਵਿਆਹ ਦਾ
(D) ਇਹਨਾਂ ਵਿੱਚੋਂ ਕੋਈ ਨਹੀਂ

(v) 'ਜ਼ਫ਼ਰਨਾਮਾ' ਇਕਾਂਗੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਕਿਸ ਥਾਂ 'ਤੇ ਮਿਲਣਾ ਚਾਹੁੰਦੇ ਸਨ ?

(A) ਮਾਲਵੇ ਦੇ ਕਾਂਗੜ ਨਗਰ (B) ਲਾਹੌਰ

(C) ਦਿੱਲੀ (D) ਅਨੰਦਪੁਰ ਸਾਹਿਬ

(vi) "ਜਹਾਨ ਪਨਾਹ, ਜਲਦੀ ਆਪਣੇ ਦਿਮਾਗ਼ ਦਾ ਭਾਰ ਹੌਲ਼ਾ ਕਰੋ ।" 'ਜ਼ਫ਼ਰਨਾਮਾ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

(A) ਜ਼ੀਨਤ-ਉਨ-ਨਿਸਾ ਨੇ (B) ਬੇਗ਼ਮ ਉਦੈਪੁਰੀ ਨੇ

(C) ਅਸਦ ਖ਼ਾਨ ਨੇ (D) ਸ਼ਾਹੀ ਹਕੀਮ ਨੇ

13. **ਕਹਾਣੀ ਤੇ ਵਾਰਤਕ ਵਿੱਚੋਂ** (ਕਿਸੇ **ਚਾਰ** (*any* **four**) ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) : *4×1=4*

(i) 'ਮੇਰੇ ਵੱਡੇ-ਵਡੇਰੇ' ਲੇਖ ਅਨੁਸਾਰ ਹਨੇਰੀ ਨਾਲ਼ ਜੜ੍ਹਾਂ ਤੋਂ ਉੱਖੜੇ ਸ਼ਹਿਤੂਤ ਦੇ ਦਰਖ਼ਤ ਨੂੰ ਕੌਣ ਚੁੱਕ ਕੇ ਘਰ ਲੈ ਆਇਆ ਸੀ ?

(ii) 'ਬੋਲੀ' ਲੇਖ ਅਨੁਸਾਰ ਜਵਾਨੀ ਤੇ ਬੁਢਾਪੇ ਨਾਲੋਂ ਕੀਮਤੀ ਸਮਾਂ ਕਿਹੜਾ ਹੈ ?

(iii) 'ਘਰ ਦਾ ਪਿਆਰ' ਲੇਖ ਅਨੁਸਾਰ ਧਰਮ ਘਰਾਂ ਵਿੱਚੋਂ ਨਿਕਲ ਕੇ ਕਿੱਥੇ ਆ ਗਿਆ ਹੈ ?

(iv) 'ਕੁਲਫ਼ੀ' ਕਹਾਣੀ ਕਿਸ ਦੀ ਲਿਖੀ ਹੋਈ ਹੈ ?

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ "ਉਸ ਮੇਰੇ ਬਾਰੇ ਤੁਹਾਨੂੰ ਕੋਈ ਚਿੱਠੀ ਲਿਖੀ ਸੀ" ਸ਼ਬਦ ਕਿਸ ਨੇ ਕਹੇ ?

14. **ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ** (ਕਿਸੇ ***ਸੱਤ*** (*any* **seven**) ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) : *7×2=14*

(i) 'ਅੰਗ-ਸੰਗ' ਕਹਾਣੀ ਵਿੱਚ ਅਮਰੀਕ ਦਾ ਆਪਣੇ ਪਿਓ ਕਰਤਾਰ ਸਿੰਘ ਨਾਲ਼ ਜਿਸ ਤਰ੍ਹਾਂ ਦਾ ਵਿਵਹਾਰ ਸੀ, ਤੁਹਾਡੇ ਵਿਚਾਰ ਅਨੁਸਾਰ ਉਹ ਕਿੰਨਾ ਕੁ ਸਹੀ ਸੀ ? 'ਅੰਗ-ਸੰਗ' ਦੇ ਆਧਾਰ 'ਤੇ ਆਪਣੇ ਵਿਚਾਰ ਪ੍ਰਗਟ ਕਰੋ ।

(ii) ਤੁਹਾਡੇ ਵਿਚਾਰ ਅਨੁਸਾਰ 'ਕੁਲਫ਼ੀ' ਕਹਾਣੀ ਵਿੱਚ ਲੇਖਕ ਦਾ ਕਾਕੇ ਨੂੰ ਵਾਰ-ਵਾਰ ਚੀਜ਼ ਦਿਵਾਉਣ ਤੋਂ ਟਾਲਣਾ ਕਿੰਨਾ 'ਕੁ ਸਹੀ ਹੈ ? ਆਪਣੇ ਵਿਚਾਰ ਪ੍ਰਗਟ ਕਰੋ ।

(iii) 'ਧਰਤੀ ਹੇਠਲਾ ਬਲਦ' ਕਹਾਣੀ ਵਿੱਚ ਕਰਮ ਸਿੰਘ ਦੇ ਪਿੰਡ ਤੋਂ ਵਾਪਸ ਮੁੜਦੇ ਸਮੇਂ ਮਾਨ ਸਿੰਘ ਦੇ ਮਨ ਵਿੱਚ ਕਿਸ ਤਰ੍ਹਾਂ ਦੇ ਵਿਚਾਰ ਆ ਰਹੇ ਸਨ ? ਆਪਣੇ ਵਿਚਾਰ ਪ੍ਰਗਟ ਕਰੋ ।

(iv) 'ਦੂਜਾ ਵਿਆਹ' ਇਕਾਂਗੀ ਵਿੱਚ ਮਨਜੀਤ ਕੌਰ, ਵੱਲੋਂ ਆਪਣਾ ਨਾਂ ਲੈਣ 'ਤੇ ਸੁਖਦੇਵ ਸਿੰਘ (ਉਸ ਦੇ ਪਤੀ) ਦੇ ਕੀ ਵਿਚਾਰ ਹਨ ?

(v) 'ਜ਼ਫ਼ਰਨਾਮਾ' ਇਕਾਂਗੀ ਅਨੁਸਾਰ ਵਜ਼ੀਰ ਖ਼ਾਨ ਨੇ ਕੀ ਗੁਨਾਹ ਕੀਤਾ ਸੀ ?

(vi) 'ਤੁਰਨ ਦਾ ਹੁਨਰ' ਲੇਖ ਵਿੱਚ ਪੇਸ਼ ਵਿਚਾਰਾਂ ਅਨੁਸਾਰ ਸਾਨੂੰ ਕਿਸ ਤਰ੍ਹਾਂ ਤੁਰਨਾ ਚਾਹੀਦਾ ਹੈ ?

(vii) 'ਘਰ ਦਾ ਪਿਆਰ' ਲੇਖ ਵਿੱਚ ਲੇਖਕ ਨੇ ਕਾਰਲਾਈਲ ਦੇ ਸੁਭਾਅ ਬਾਰੇ ਜੋ ਵਿਚਾਰ ਪ੍ਰਗਟਾਏ ਹਨ, ਤੁਸੀਂ ਉਹਨਾਂ ਵਿਚਾਰਾਂ ਨਾਲ਼ ਕਿੰਨੇ 'ਕੁ ਸਹਿਮਤ ਹੋ ? ਦਲੀਲਾਂ ਸਹਿਤ ਉੱਤਰ ਦਿਓ ।

(viii) 'ਬੋਲੀ' ਲੇਖ ਤੋਂ ਤੁਹਾਨੂੰ ਕੀ ਸਿੱਖਿਆ ਮਿਲ਼ਦੀ ਹੈ ? ਆਪਣੇ ਵਿਚਾਰ ਪ੍ਰਗਟ ਕਰੋ ।

15. **ਕਵਿਤਾ ਤੇ ਵਾਰਤਕ ਵਿੱਚੋਂ** (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *2×4=8*

(i) (ੳ) ਕਿਹਾ ਜਾਂਦਾ ਹੈ ਕਿ 'ਜੰਗ ਦਾ ਹਾਲ' ਰਚਨਾ ਵਿੱਚ ਜੰਗ ਬਾਰੇ ਬਿਆਨ ਕਰਦੇ ਸਮੇਂ ਸ਼ਾਹ ਮੁਹੰਮਦ ਦੀ ਹਮਦਰਦੀ ਸਿੱਖ ਫ਼ੌਜਾਂ ਨਾਲ਼ ਵਧੇਰੇ ਹੈ । ਤੁਹਾਡੇ ਵਿਚਾਰ ਅਨੁਸਾਰ ਕੀ ਸ਼ਾਹ ਮੁਹੰਮਦ ਦੁਆਰਾ ਇਸ ਤਰ੍ਹਾਂ ਕਰਨਾ ਠੀਕ ਹੈ ? ਜਾਂ ਉਸਨੇ ਇਸ ਤਰ੍ਹਾਂ ਨਹੀਂ ਕੀਤਾ, ਆਪਣੇ ਵਿਚਾਰ ਪ੍ਰਗਟਾਓ ।

**ਜਾਂ (OR)**

(ਅ) ਗੁਰੂ ਅਮਰਦਾਸ ਜੀ ਦੀ ਬਾਣੀ 'ਕਿਰਪਾ ਕਰਿ ਕੈ ਬਖਸਿ ਲੈਹੁ' ਅਨੁਸਾਰ ਪਰਮਾਤਮਾ ਦੀ ਬਖਸ਼ਿਸ਼ ਵਿੱਚ ਕੀ ਖ਼ਾਸੀਅਤ ਹੈ ਅਤੇ ਉਹ ਜੀਵ ਨੂੰ ਕਿਵੇਂ ਬਖਸ਼ਦਾ ਹੈ ?

(ii) (ੳ) 'ਤੁਰਨ ਦਾ ਹੁਨਰ' ਲੇਖ ਨੂੰ ਪੜ੍ਹ ਕੇ ਤੁਹਾਨੂੰ ਕੀ ਸਿੱਖਿਆ ਜਾਂ ਸੇਧ ਮਿਲ਼ਦੀ ਹੈ ? ਆਪਣੇ ਵਿਚਾਰ ਸੰਖੇਪ ਵਿੱਚ ਪ੍ਰਗਟ ਕਰੋ ।

**ਜਾਂ (OR)**

(ਅ) 'ਪ੍ਰਾਰਥਨਾ' ਲੇਖ ਵਿੱਚ ਔਸਕਰ ਵਾਇਲਡ ਦੇ ਅਰਦਾਸ ਬਾਰੇ ਕਿਹੜੇ ਵਿਚਾਰ ਪ੍ਰਗਟਾਏ ਗਏ ਹਨ ?

16. **ਇਕਾਂਗੀ ਵਿੱਚੋਂ** (ਕਿਸੇ ***ਇੱਕ*** *(any **one**)* ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *1×4=4*

(i) ਅਸਦ ਖ਼ਾਨ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਵਜ਼ੀਰ ਖਾਨ ਨੂੰ ਸ਼ਜਾ ਨਾ ਦੇਣ ਦੀ ਸਲਾਹ ਦੇ ਪੱਖ ਵਿੱਚ ਕੀ-ਕੀ ਤਰਕ ਦਿੱਤੇ ? 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਸਪਸ਼ਟ ਕਰੋ ।

(ii) ਤੁਹਾਡੇ ਵਿਚਾਰ ਅਨੁਸਾਰ 'ਦੂਜਾ ਵਿਆਹ' ਇਕਾਂਗੀ ਵਿੱਚ, ਨਿਹਾਲ ਕੌਰ ਇੱਕ ਪਤਨੀ, ਇੱਕ ਸੱਸ ਅਤੇ ਮਾਂ ਦੇ ਰੂਪ ਵਿੱਚ ਆਪਣੀ ਭੂਮਿਕਾ ਨਿਭਾਉਣ ਵਿੱਚ ਕਿੰਨੀ 'ਕੁ ਸਫ਼ਲ ਰਹੀ ਹੈ ? ਆਪਣੇ ਵਿਚਾਰ ਪ੍ਰਗਟਾਓ ।